# ਯੂਕੇ ਕੋਵਿਡ-19 ਇਨਕੁਆਇਰੀ ਦਾ ਸ਼ੁਰੂਆਤੀ ਬਿਆਨ



ਮੈਨੂੰ ਦਸੰਬਰ 2021 ਵਿੱਚ ਯੂਕੇ ਕੋਵਿਡ-19 ਪਬਲਿਕ ਇਨਕੁਆਇਰੀ ਦੀ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਪ੍ਰਧਾਨ ਮੰਤਰੀ ਨੇ ਜਨਤਾ ਨਾਲ ਅਤੇ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿੱਚ ਸਰਕਾਰਾਂ ਦੇ ਨਾਲ ਸਲਾਹ-ਮਸ਼ਵਰੇ ਮਗਰੋਂ 28 ਜੂਨ 2022 ਨੂੰ ਸੰਦਰਭ ਦੀਆਂ ਸ਼ਰਤਾਂ ਤੈਅ ਕੀਤੀਆਂ ਸਨ। ਮੈਂ ਅੱਜ ਇਹ ਬਿਆਨ ਇਨਕੁਆਰੀ ਨੂੰ ਸ਼ੁਰੂ ਕਰਨ ਅਤੇ ਇਸਨੂੰ ਚਲਾਉਣ ਲਈ ਆਪਣੇ ਦ੍ਰਿਸ਼ਟੀਕੋਣ ਦਾ ਵਰਣਨ ਕਰਨ ਵਾਸਤੇ ਦੇ ਰਹੀ ਹਾਂ।

ਕੋਵਿਡ 19 ਮਹਾਂਮਾਰੀ ਨੇ ਸਾਨੂੰ ਸਾਰਿਆਂ ਨੂੰ ਪ੍ਰਭਾਵਿਤ ਕੀਤਾ ਸੀ। ਕੁਝ ਲੋਕਾਂ ਨੂੰ ਹੋਰਨਾਂ ਨਾਲੋਂ ਕਿਤੇ ਜ਼ਿਆਦਾ। ਲੋਕਾਂ ਨੇ ਆਪਣੇ ਅਜ਼ੀਜ਼ਾਂ ਨੂੰ ਗੁਆ ਦਿੱਤਾ ਅਤੇ ਸਹੀ ਤਰੀਕੇ ਨਾਲ ਸੋਗ ਨਹੀਂ ਕਰ ਸਕੇ। ਬੱਚਿਆਂ ਅਤੇ ਨੌਜਵਾਨਾਂ ਨੇ ਪੜ੍ਹਾਈ ਦੇ ਮੌਕੇ ਗੁਆ ਦਿੱਤੇ। ਕਾਰੋਬਾਰ ਫ਼ੇਲ੍ਹ ਹੋ ਗਏ। ਸਰੀਰਕ ਅਤੇ ਮਾਨਸਿਕ ਸਿਹਤ ਨੂੰ ਨੁਕਸਾਨ ਹੋਇਆ। ਲੋਕਾਂ ਨੇ ਖੁਦ ਨੂੰ ਅਲੱਗ-ਥਲੱਗ ਮਹਿਸੂਸ ਕੀਤਾ। ਹਾਲਾਂਕਿ ਆਖਰਕਾਰ ਜੀਵਨ ਦੀ ਆਮ ਵੱਲ ਵਾਪਸੀ ਸ਼ੁਰੂ ਹੋ ਰਹੀ ਹੈ, ਪਰ ਅਜੇ ਵੀ ਮਹਾਂਮਾਰੀ ਸਾਡੇ ਨਾਲ ਹੈ ਅਤੇ ਕਈ ਲੋਕ ਹਨ ਜੋ ਅਜੇ ਵੀ ਦੁੱਖ ਸਹਿਣ ਕਰ ਰਹੇ ਹਨ। ਜਿਹਨਾਂ ਲੋਕਾਂ ਨੇ ਸਭ ਤੋਂ ਵੱਧ ਦੁੱਖ ਸਹਿਣ ਕੀਤੇ ਹਨ, ਉਹ ਜਾਣਨਾ ਚਾਹੁੰਦੇ ਹਨ ਕਿ ਕੀ ਉਹਨਾਂ ਦੇ ਦੁੱਖ ਨੂੰ ਰੋਕਣ ਜਾਂ ਘੱਟ ਕਰਨ ਵਾਸਤੇ ਕੁਝ ਕੀਤਾ ਜਾ ਸਕਦਾ ਸੀ ਅਤੇ ਇਸੇ ਕਰਕੇ ਇਹ ਇਨਕੁਆਇਰੀ ਸਥਾਪਤ ਕੀਤੀ ਗਈ ਹੈ।

ਜਦੋਂ ਮੈਂ ਇੱਕ ਜੱਜ ਸੀ, ਤਾਂ ਮੇਰਾ ਸਰੋਕਾਰ ਤੱਥਾਂ ਅਤੇ ਪ੍ਰਮਾਣਾਂ ਨਾਲ ਹੁੰਦਾ ਸੀ। ਇਸ ਕਰਕੇ ਮੈਂ ਮਹਾਂਮਾਰੀ ਬਾਰੇ ਤੱਥਾਂ ਤੋਂ ਹੀ ਸ਼ੁਰੂਆਤ ਕਰਦੀ ਹਾਂ ਕਿਉਂਕਿ ਅਸੀਂ ਇਹਨਾਂ ਬਾਰੇ ਪਹਿਲਾਂ ਹੀ ਜਾਣਦੇ ਹਾਂ।

31 ਦਸੰਬਰ 2019 ਨੂੰ, ਵਿਸ਼ਵ ਸਿਹਤ ਸੰਗਠਨ ਨੂੰ ਚੀਨ ਦੇ ਹਿਉਬੇ ਪ੍ਰਾਂਤ ਦੇ ਵੂਹਾਨ ਸ਼ਹਿਰ ਵਿੱਚ ਕਿਸੇ ਅਣਪਛਾਤੇ ਕਾਰਨ ਨਾਲ ਵੱਡੀ ਗਿਣਤੀ ਵਿੱਚ ਨਮੂਨੀਆ ਦੇ ਮਾਮਲਿਆਂ ਬਾਰੇ ਸੂਚਨਾ ਦਿੱਤੀ ਗਈ ਸੀ। ਬਾਅਦ ਵਿੱਚ ਮਰੀਜ਼ਾਂ ਦੇ ਨਮੂਨਿਆਂ ਤੋਂ ਇੱਕ ਨਵੀਂ ਕਿਸਮ ਦੇ ਕੋਰੋਨਾਵਾਇਰਸ ਦੀ ਪਛਾਣ ਕੀਤੀ ਗਈ ਸੀ। ਕੋਰੋਨਾਵਾਇਰਸ ਨਾਲ ਲਾਗ ਤੇਜ਼ੀ

ਨਾਲ ਫੈਲੀ ਅਤੇ 11 ਮਾਰਚ 2020 ਤੱਕ, ਵਿਸ਼ਵ ਸਿਹਤ ਸੰਗਠਨ ਨੇ ਕੋਵਿਡ-19 ਨੂੰ ਇੱਕ ਮਹਾਂਮਾਰੀ ਦਾ ਨਾਮ ਦੇ ਦਿੱਤਾ। ਯੂਕੇ ਦੇ ਪਹਿਲੇ ਦੋ ਮਰੀਜ਼ਾਂ ਦੀ ਯਾਰਕ (York) ਵਿੱਚ 30 ਜਨਵਰੀ 2020 ਨੂੰ ਕੋਰੋਨਾਵਾਇਰਸ ਨਾਲ ਤਸ਼ਖੀਸ ਹੋਈ ਸੀ। ਯੂਰਪ ਵਿੱਚ, ਮਾਰਚ 2020 ਵਿੱਚ ਵਾਇਰਸ ਤੋਂ ਬਿਮਾਰੀ ਅਤੇ ਮੌਤਾਂ ਵਿੱਚ ਨਾਟਕੀ ਰੂਪ ਵਿੱਚ ਵਾਧਾ ਦੇਖਿਆ ਗਿਆ। ਇਟਲੀ ਜਿਹੇ ਦੇਸ਼ਾਂ ਵਿੱਚ, ਲੋਕਾਂ ਦੀ ਆਵਾਜਾਈ ਨੂੰ ਸੀਮਤ ਕਰਨ ਵਾਲੇ ਸਖ਼ਤ ਉਪਾਅ ਲਾਗੂ ਕੀਤੇ ਗਏ ਸਨ।

11 ਮਾਰਚ 2020 ਨੂੰ, ਤੱਤਕਾਲੀ ਖਜ਼ਾਨਾ ਚਾਂਸਲਰ (Chancellor of the Exchequer) ਨੇ ਉਸ ਸਾਲ ਦੇ ਸਲਾਨਾ ਬਜਟ ਦੇ ਵਿਸ਼ੇ ਵਿੱਚ, ਵਾਇਰਸ ਦੇ ਸੰਭਾਵੀ ਅਸਰ ਨਾਲ ਨਜਿੱਠਣ ਵਿੱਚ ਮਦਦ ਵਾਸਤੇ ਯੂਕੇ ਨੂੰ ਐਮਰਜੈਂਸੀ ਸਹਾਇਤਾ ਦੇ £12 ਬਿਲੀਅਨ ਪੈਕੇਜ ਦਾ ਐਲਾਨ ਕੀਤਾ। ਪੰਜ ਦਿਨਾਂ ਮਗਰੋਂ, ਪ੍ਰਧਾਨ ਮੰਤਰੀ ਨੇ ਯੂਕੇ ਵਿੱਚ ਹਰ ਵਿਅਕਤੀ ਨੂੰ ਘਰ ਤੋਂ ਕੰਮ ਕਰਨ, ਹੋਰਨਾਂ ਲੋਕਾਂ ਨਾਲ ਗੈਰ-ਜ਼ਰੂਰੀ ਸੰਪਰਕ ਬੰਦ ਕਰ ਦੇਣ, ਪੱਬਾਂ ਅਤੇ ਰੈਸਟੋਰੈਂਟਾਂ ਤੋਂ ਗੁਰੇਜ਼ ਕਰਨ ਅਤੇ ਯੂਕੇ ਨੂੰ ਮਹਾਂਮਾਰੀ ਨਾਲ ਨਜਿੱਠਣ ਲਈ ਸਮਾਂ ਦੇਣ ਦੀ ਬੇਨਤੀ ਕੀਤੀ। 17 ਮਾਰਚ ਨੂੰ, ਚਾਂਸਲਰ ਨੇ £330 ਬਿਲੀਅਨ ਦੇ ਸਰਕਾਰ ਦੁਆਰਾ ਸਮੱਰਥਨ ਪ੍ਰਾਪਤ ਕਰਜ਼ਿਆਂ ਅਤੇ ਟੈਕਸਾਂ ਵਿੱਚ £20 ਬਿਲੀਅਨ ਦੀਆਂ ਕਟੌਤੀਆਂ ਅਤੇ ਬਰਬਾਦੀ ਦੇ ਖਤਰੇ ਵਿਚਲੀਆਂ ਕੰਪਨੀਆਂ ਲਈ ਗ੍ਰਾਂਟਾਂ ਦੇਣ ਦਾ ਐਲਾਨ ਕੀਤਾ। 18 ਮਾਰਚ ਨੂੰ, ਸਰਕਾਰ ਨੇ ਉਸ ਹਫ਼ਤੇ ਦੇ ਅਖੀਰ ਤੋਂ ਸਕੂਲਾਂ ਨੂੰ ਬੰਦ ਕਰਨ ਦਾ ਐਲਾਨ ਕਰ ਦਿੱਤਾ। 20 ਮਾਰਚ ਨੂੰ, ਚਾਂਸਲਰ ਨੇ ਇਹ ਐਲਾਨ ਕੀਤਾ ਕਿ ਸਰਕਾਰ ਬੇਕਾਰ ਦੱਸੇ ਜਾਣ ਦੇ ਜੋਖਮ ਵਿਚਲੇ ਸਟਾਫ਼ ਦੀਆਂ 80% ਤਕ ਤਨਖਾਹਾਂ ਦਾ ਭੁਗਤਾਨ ਕਰੇਗੀ।

23 ਮਾਰਚ ਨੂੰ, ਪ੍ਰਧਾਨ ਮੰਤਰੀ ਨੇ ਯੂਕੇ ਵਿੱਚ ਸਭ ਦੇ ਰੋਜ਼ਾਨਾ ਜੀਵਨ ਉੱਪਰ ਸਖਤ ਪਾਬੰਦੀਆਂ ਦਾ ਐਲਾਨ ਕਰ ਦਿੱਤਾ, ਜਿਸ ਨੂੰ ਪਹਿਲੇ ਰਾਸ਼ਟਰੀ ਲਾਕਡਾਊਨ ਵਜੋਂ ਜਾਣਿਆ ਗਿਆ। ਲੋਕਾਂ ਨੂੰ ਸਿਰਫ਼ ਭੋਜਨ ਖਰੀਦਣ ਲਈ, ਕਸਰਤ ਕਰਨ ਲਈ, ਕਿਸੇ ਮੈਡੀਕਲ ਜ਼ਰੂਰਤ ਲਈ ਜਾਣ ਜਾਂ ਕਿਸੇ ਕਮਜ਼ੋਰ ਵਿਅਕਤੀ ਨੂੰ ਦੇਖਭਾਲ ਮੁਹੱਈਆ ਕਰਨ ਲਈ, ਜਾਂ ਜੇ ਘਰ ਤੋਂ ਕੰਮ ਕਰਨਾ ਸੰਭਵ ਨਹੀਂ ਸੀ ਤਾਂ ਕੰਮ 'ਤੇ ਜਾਣ ਲਈ ਘਰੋਂ ਬਾਹਰ ਜਾਣ ਦੀ ਆਗਿਆ ਦਿੱਤੀ ਗਈ ਸੀ। ਨਿੱਜੀ ਸੁਰੱਖਿਆ ਉਪਕਰਣਾਂ (Personal Protective Equipment, PPE) ਦੀ ਖਰੀਦ ਅਤੇ ਉਹਨਾਂ ਨੂੰ

ਮੰਗਵਾਉਣਾ ਅਤੇ ਸਪਲਾਈ ਕਰਨਾ ਰਾਸ਼ਟਰੀ ਚਿੰਤਾ ਦੇ ਵਿਸ਼ੇ ਬਣ ਗਏ।

ਇਸ ਤੋਂ ਬਾਅਦ ਆਉਣ ਵਾਲੇ ਮਹੀਨਿਆਂ ਵਿੱਚ ਮੌਤਾਂ ਦੀ ਗਿਣਤੀ ਵਿੱਚ ਇੱਕ ਵੱਡਾ ਵਾਧਾ ਦੇਖਿਆ ਗਿਆ (ਅਧਿਕਾਰਤ ਅੰਕੜਿਆਂ ਵਿੱਚ ਕਿਹਾ ਗਿਆ ਹੈ ਕਿ 9 ਮਾਰਚ 2020 ਤੋਂ ਲੈ ਕੇ ਕੋਵਿਡ-19 ਨਾਲ ਹੋਣ ਵਾਲੀਆਂ 180,000 ਤੋਂ ਵੱਧ ਮੌਤਾਂ ਦਰਜ ਕੀਤੀਆਂ ਗਈਆਂ ਸਨ[1]), ਕਾਰੋਬਾਰ ਅਤੇ ਸਕੂਲ ਬੰਦ ਹੋ ਗਏ, ਜੋ ਲੋਕ ਕਰ ਸਕਦੇ ਸਨ ਉਹਨਾਂ ਲਈ ਘਰ ਤੋਂ ਕੰਮ ਕਰਨ ਅਤੇ ਘਰ ਤੋਂ ਸਕੂਲ ਦੀ ਪੜ੍ਹਾਈ ਦੀ ਸ਼ੁਰੂਆਤ ਕੀਤੀ ਗਈ, ਸਹਾਇਤਾ ਮੁਹੱਈਆ ਕਰਾਉਣ ਲਈ ਦੇਸ਼ ਨੇ ਵੱਡੀ ਮਾਤਰਾ ਵਿੱਚ ਪੈਸਾ ਉਧਾਰ ਲਿਆ, ਈਵੈਂਟਾਂ ਨੂੰ ਰੱਦ ਜਾਂ ਮੁਲਤਵੀ ਕੀਤਾ ਗਿਆ ਅਤੇ ਅੰਤਿਮ ਸੰਸਕਾਰ ਅਤੇ ਧਾਰਮਿਕ ਸੇਵਾਵਾਂ ਦੌਰਾਨ ਹਾਜ਼ਰੀ 'ਤੇ ਸਖ਼ਤ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਯੂਕੇ ਦੇ ਜੀਵਨ ਦੇ ਹਰ ਪਹਿਲੂ 'ਤੇ ਲਾਈਆਂ ਗਈਆਂ ਪਾਬੰਦੀਆਂ ਅਮਨ ਦੇ ਸਮੇਂ ਵਿੱਚ ਅਨੋਖੀਆਂ ਸਨ।

ਸਾਲ ਭਰ ਅਤੇ ਅਗਲੇ ਸਾਲ ਵਿੱਚ, ਅਕਤੂਬਰ 2020 ਅਤੇ ਜਨਵਰੀ 2021 ਵਿੱਚ ਦੋ ਹੋਰ ਲਾਕਡਾਊਨ ਸਮੇਤ, ਲਾਕਡਾਊਨ ਦੇ ਉਪਾਆਂ ਵਿੱਚ ਢਿੱਲ ਦਿੱਤੀ ਗਈ ਸੀ ਅਤੇ ਕੁਝ ਪਾਬੰਦੀਆਂ ਨੂੰ ਦੁਬਾਰਾ ਲਾਗੂ ਕੀਤਾ ਗਿਆ ਸੀ। ਦਸੰਬਰ 2020 ਵਿੱਚ, ਪਹਿਲਾ ਕੋਵਿਡ-19 ਵੈਕਸੀਨ ਲਗਾਇਆ ਗਿਆ ਸੀ ਅਤੇ ਆਉਣ ਵਾਲੇ ਮਹੀਨਿਆਂ ਅਤੇ ਸਾਲਾਂ ਵਿੱਚ ਸਮੂਹਕ ਟੀਕਾਕਰਨ ਪ੍ਰੋਗਰਾਮ ਚਲਾਇਆ ਗਿਆ। 2022 ਦੀ ਬਸੰਤ ਤਕ, ਯੂਕੇ ਦੇ ਚਾਰੇ ਦੇਸ਼ਾਂ ਵਿੱਚ ਰਾਸ਼ਟਰੀ ਜੀਵਨ 'ਤੇ ਲੱਗੀਆਂ ਪਾਬੰਦੀਆਂ ਵਿੱਚ ਢਿੱਲ ਦਿੱਤੀ ਜਾਣ ਲੱਗੀ। ਬੇਸ਼ੱਕ ਸਾਨੂੰ ਉਮੀਦ ਹੈ, ਪਰ ਇਸ ਬਾਰੇ ਨਿਸ਼ਚਤ ਨਹੀਂ ਹੋ ਸਕਦੇ, ਕਿ ਕੋਵਿਡ-19 ਮਹਾਂਮਾਰੀ ਦੇ ਸਭ ਤੋਂ ਮਾੜੇ ਪ੍ਰਭਾਵ ਸਾਡੇ ਪਿੱਛੇ ਰਹਿ ਗਏ ਹਨ ਅਤੇ ਇਹ ਕਿ ਇੱਕ ਹੋਰ ਮਹਾਂਮਾਰੀ ਕਿਤੇ ਨੇੜੇ-ਤੇੜੇ ਨਹੀਂ ਹੈ।

ਇਹੀ ਉਹ ਪਿਛੋਕੜ ਹੈ ਜਿਸ ਉੱਪਰ ਇਹ ਇਨਕੁਆਇਰੀ ਬਣਾਈ ਗਈ ਸੀ।

---

1 https://www.ons.gov.uk/peoplepopulationandcommunity/birthsdeathsandmarriages/deaths/bulletins/deathsregisteredweeklyinenglandandwalesprovisional/weekending1july2022
- 13 ਜੁਲਾਈ 2022

ਇੰਗਲੈਂਡ, ਵੇਲਜ਼, ਸਕਾਟਲੈਂਡ ਅਤੇ ਉੱਤਰੀ ਆਇਰਲੈਂਡ ਵਿੱਚ ਮਹਾਂਮਾਰੀ ਦੀਆਂ ਤਿਆਰੀਆਂ ਅਤੇ ਪ੍ਰਤਿਕਿਰਿਆ 'ਤੇ ਵਿਚਾਰ ਕਰਨਾ ਅਤੇ ਰਿਪੋਰਟ ਦੇਣਾ ਮੇਰਾ ਕੰਮ ਹੈ ਅਤੇ ਇਸ ਇਨਕੁਆਇਰੀ ਦਾ ਕਾਰਜ ਹੈ। ਸੰਦਰਭ ਦੀਆਂ ਸ਼ਰਤਾਂ - ਜਿਹਨਾਂ ਨੂੰ ਪ੍ਰਧਾਨ ਮੰਤਰੀ ਨੇ ਪਿਛਲੇ ਮਹੀਨੇ ਨਿਰਧਾਰਤ ਕੀਤਾ ਸੀ - ਉਹਨਾਂ ਮੁੱਦਿਆਂ ਦੀ ਵਿਸਤ੍ਰਿਤ ਰੂਪ-ਰੇਖਾ ਮੁਹੱਈਆ ਕਰਦੀਆਂ ਹਨ ਜਿਹਨਾਂ ਦੀ ਪੜਤਾਲ ਇਨਕੁਆਇਰੀ ਕਰੇਗੀ। ਇਹ ਵਿਆਪਕ ਹਨ, ਜਿਵੇਂ ਕਿ ਇਸ ਵਿਸ਼ਾਲ ਪੱਧਰ ਦੀ ਕਿਸੇ ਘਟਨਾ ਦੀ ਜਾਂਚ ਨੂੰ ਢੁਕਦਾ ਹੈ।

ਇਸ ਕਰਕੇ ਇਹ ਇੱਕ ਬਹੁਤ ਵੱਡਾ ਕਾਰਜ ਹੈ, ਜਿਸਨੂੰ ਜੇ ਠੀਕ ਢੰਗ ਨਾਲ ਕਰਨਾ ਹੈ, ਤਾਂ ਇਸ ਵਿੱਚ ਸਮਾਂ ਲੱਗੇਗਾ ਅਤੇ ਇਸਦੀ ਇੱਕ ਵੱਡੀ ਲਾਗਤ ਵੀ ਹੋਵੇਗੀ। ਇਸ ਇਨਕੁਆਇਰੀ ਨੂੰ ਸਥਾਪਤ ਕਰਨ ਦਾ ਫ਼ੈਸਲਾ ਮੇਰਾ ਨਹੀਂ ਸੀ, ਪਰ ਇਸਨੂੰ ਚਲਾਉਣ ਦੀ ਜ਼ਿੰਮੇਵਾਰੀ ਮੇਰੀ ਜ਼ਰੂਰ ਹੈ। ਮੈਂ ਇਨਕੁਆਇਰੀ ਦੀਆਂ ਵਿਆਪਕ ਸੰਦਰਭ ਦੀਆਂ ਸ਼ਰਤਾਂ ਅਤੇ ਜਾਂਚ ਪ੍ਰਕਿਰਿਆ ਦੇ ਸਖਤ ਅਤੇ ਨਿਰਪੱਖ ਹੋਣ ਦੀ ਜ਼ਰੂਰਤ ਨੂੰ ਧਿਆਨ ਵਿੱਚ ਰੱਖਦਿਆਂ, ਜਿੰਨਾ ਹੋ ਸਕੇ ਇਸ ਇਨਕੁਆਇਰੀ ਨੂੰ ਮੁਕੰਮਲ ਤੌਰ 'ਤੇ ਅਤੇ ਕਾਰਗਰ ਢੰਗ ਨਾਲ ਚਲਾਉਣ ਲਈ ਦ੍ਰਿੜ੍ਹ ਸੰਕਲਪ ਹਾਂ। ਐਨੇ ਵਿਆਪਕ ਕਾਰਜ-ਖੇਤਰ ਦੇ ਨਾਲ ਮੈਨੂੰ ਬੇਰਹਿਮ ਹੋਣਾ ਪਵੇਗਾ। ਹਰ ਘਟਨਾ, ਮੁੱਦੇ ਜਾਂ ਵੱਡੇ ਫ਼ੈਸਲੇ ਨਾਲ ਜੁੜੇ ਹਰ ਗਵਾਹ ਨੂੰ ਬੁਲਾਉਣਾ ਸੰਭਵ ਨਹੀਂ ਹੋਵੇਗਾ, ਇਸ ਕਰਕੇ ਇਨਕੁਆਇਰੀ ਨੂੰ ਮਹੱਤਵਪੂਰਣ ਮੁੱਦਿਆਂ 'ਤੇ ਕੇਂਦ੍ਰਿਤ ਕਰਨਾ ਹੋਵੇਗਾ।

ਇਸ ਇਨਕੁਆਇਰੀ ਦਾ ਇੱਕ ਉਦੇਸ਼, ਸਮੁੱਚੇ ਯੂਕੇ ਵਿੱਚ ਜੋ ਕੁਝ ਵੀ ਵਾਪਰਿਆ ਉਸਦਾ ਇੱਕ ਤੱਥਾਂ ਅਧਾਰਤ ਬਿਰਤਾਂਤ ਪ੍ਰਦਾਨ ਕਰਨਾ ਹੈ। ਇੱਕ ਹੋਰ ਉਦੇਸ਼ ਯੂਕੇ ਵਿੱਚ ਭਵਿੱਖ ਦੀਆਂ ਮਹਾਂਮਾਰੀਆਂ ਵਾਸਤੇ ਤਿਆਰੀ ਬਾਰੇ ਸੂਚਿਤ ਕਰਨ ਲਈ ਸਬਕ ਸਿੱਖਣਾ ਹੈ। ਮੈਂ ਇਸ ਇਨਕੁਆਇਰੀ ਦੇ ਕੰਮ ਨੂੰ ਛੇਤੀ ਤੋਂ ਛੇਤੀ ਸ਼ੁਰੂ ਕਰਨ ਅਤੇ ਨੇਪਰੇ ਚੜ੍ਹਾਉਣ ਲਈ ਦ੍ਰਿੜ੍ਹ-ਸੰਕਲਪ ਹਾਂ ਤਾਂ ਕਿ ਇੱਕ ਹੋਰ ਮਹਾਂਮਾਰੀ ਦੇ ਹਮਲੇ ਤੋਂ ਪਹਿਲਾਂ ਸਬਕ ਸਿੱਖੇ ਜਾ ਸਕਣ।

ਇਹ ਇੱਕ ਕਾਨੂੰਨੀ ਜਾਂਚ ਹੈ, ਜਿਸਨੂੰ 2005 ਇਨਕੁਆਇਰੀਜ਼ ਐਕਟ (2005 Inquiries Act) ਹੇਠ ਸਥਾਪਤ ਕੀਤਾ ਗਿਆ ਹੈ। ਇਸਦਾ ਮਤਲਬ ਇਹ ਕਿ ਜਨ ਹਿੱਤ ਨੂੰ ਹਾਨੀ ਅਤੇ ਨੁਕਸਾਨ ਦੇ ਖਤਰੇ ਤੋਂ ਬਚਾਉਣ ਵਾਸਤੇ ਲਾਈਆਂ ਗਈਆਂ ਕੋਈ ਵੀ ਪਾਬੰਦੀਆਂ ਦੇ ਅਧੀਨ, ਇਹ ਲਾਜ਼ਮੀ ਤੌਰ 'ਤੇ ਜਨਤਕ ਰੂਪ ਵਿੱਚ ਹੋਣੀ ਚਾਹੀਦੀ ਹੈ। ਮੈਂ ਅਜਿਹਾ ਕਰਨ ਵਾਸਤੇ ਆਪਣੀ ਕਾਨੂੰਨੀ ਜ਼ਿੰਮੇਵਾਰੀ ਦੇ ਅਨੁਸਾਰ ਇਨਕੁਆਇਰੀ ਦਾ ਸੰਚਾਲਨ ਨਿਰਪੱਖ ਰੂਪ ਵਿੱਚ

ਅਤੇ ਖੁੱਲ੍ਹੇ ਤੌਰ 'ਤੇ ਕਰਾਂਗੀ। ਮੈਂ ਇਹ ਯਕੀਨੀ ਬਣਾਵਾਂਗੀ ਕਿ ਇਸਦੇ ਕੰਮ ਵਿੱਚ ਸਭ ਤੋਂ ਨੇੜਿਓਂ ਸ਼ਾਮਲ ਹੋਣ ਵਾਲੇ ਲੋਕਾਂ ਅਤੇ ਵਧੇਰੇ ਵਿਆਪਕ ਜਨਤਾ ਨੂੰ ਇਸਦੀ ਪ੍ਰਗਤੀ ਬਾਰੇ ਬਾਕਾਇਦਾ ਅੱਪਡੇਟਾਂ ਮਿਲਦੀਆਂ ਰਹਿਣ।

ਮੇਰੇ ਕੋਲ ਯੂਕੇ ਦੇ ਚਾਰੇ ਦੇਸ਼ਾਂ ਤੋਂ ਪ੍ਰਮਾਣ ਪ੍ਰਾਪਤ ਕਰਨ ਦੀ ਅਤੇ ਦਸਤਾਵੇਜ਼ਾਂ ਨੂੰ ਪੇਸ਼ ਕਰਨ ਅਤੇ ਗਵਾਹਾਂ ਦੀ ਹਾਜ਼ਰੀ ਲਈ ਮਜਬੂਰ ਕਰਨ ਦੀ ਸ਼ਕਤੀ ਹੈ। ਮੈਂ ਸਬੂਤਾਂ ਅਤੇ ਗਵਾਹਾਂ ਦੇ ਸਾਰੇ ਧਾਰਕਾਂ ਨਾਲ ਨਿਰਪੱਖ ਰੂਪ ਵਿੱਚ ਪੇਸ਼ ਆਵਾਂਗੀ, ਜਿਵੇਂ ਕਿ ਮੈਨੂੰ ਕਰਨ ਦੀ ਲੋੜ ਹੈ, ਪਰ ਇਸਦੇ ਨਾਲ ਹੀ ਮੈਂ ਅਜਿਹੇ ਕਿਸੇ ਵੀ ਵਿਅਕਤੀ ਜਾਂ ਸੰਗਠਨ ਬਾਰੇ ਬੇਝਿਜਕ ਹੋ ਕੇ ਆਪਣੇ ਵਿਚਾਰ ਸਪਸ਼ਟ ਕਰਾਂਗੀ ਜੋ ਇਨਕੁਆਇਰੀ ਨੂੰ ਇਸਦਾ ਕੰਮ ਪੂਰਾ ਕਰਨ ਦੇ ਰਾਹ ਵਿੱਚ ਰੁਕਾਵਟ ਪਾਵੇਗਾ।

ਇਹ ਸਪੱਸ਼ਟ ਕਰਨਾ ਵੀ ਬਹੁਤ ਅਹਿਮ ਹੈ ਕਿ ਮੇਰੇ ਕੋਲ ਕਿਹੜੀਆਂ ਸ਼ਕਤੀਆਂ ਨਹੀਂ ਹਨ। ਮੇਰੀ ਭੂਮਿਕਾ ਤੱਥਾਂ ਨੂੰ ਲੱਭਣਾ, ਇਹ ਪਤਾ ਲਗਾਉਣਾ ਕਿ ਕੀ ਗਲਤ ਹੋਇਆ (ਅਤੇ ਕੀ ਚੰਗਾ ਹੋਇਆ ਸੀ), ਅਤੇ ਇਸ ਬਾਰੇ ਸਿਫ਼ਾਰਸ਼ਾਂ ਦੇਣਾ ਹੈ ਕਿ ਯੂਕੇ ਨੂੰ ਮਹਾਂਮਾਰੀ ਤੋਂ ਕੀ ਸਿੱਖਣਾ ਜ਼ਰੂਰੀ ਹੈ। ਮੇਰੇ ਕੋਲ ਕਿਸੇ ਵੀ ਵਿਅਕਤੀ ਦੇ ਖਿਲਾਫ਼ ਮੁਕੱਦਮਾ ਚਲਾਉਣ ਜਾਂ ਕਾਰਵਾਈਆਂ ਕਰਨ ਦੀ ਸ਼ਕਤੀ ਨਹੀਂ ਹੈ, ਮਹਾਂਮਾਰੀ ਦੇ ਸਬੰਧ ਵਿੱਚ ਲੋਕਾਂ ਦੇ ਕੰਮਾਂ ਜਾਂ ਅਣਗਹਿਲੀਆਂ ਦੇ ਨਤੀਜੇ ਵਜੋਂ ਉਹਨਾਂ ਨੂੰ ਜੁਰਮਾਨਾ ਲਾਉਣ ਜਾਂ ਕੈਦ ਕਰਨਾ ਤਾਂ ਦੂਰ ਦੀ ਗੱਲ ਰਹੀ।

ਹੁਣ ਮੈਂ ਜਾਣਕਾਰੀ ਦੇ ਹੋਰਨਾਂ ਸ੍ਰੋਤਾਂ ਵੱਲ ਮੁੜਨਾ ਚਾਹਾਂਗੀ ਜੋ ਇਸ ਇਨਕੁਆਇਰੀ ਦੇ ਲਈ ਅਤਿਅੰਤ ਅਹਿਮ ਹੋਣਗੇ; ਲੋਕਾਂ ਦੇ ਅਨੁਭਵਾਂ ਬਾਰੇ ਉਹਨਾਂ ਨੂੰ ਸੁਣਨਾ, ਖੋਜ ਦਾ ਇਸਤੇਮਾਲ ਕਰਨਾ ਅਤੇ ਜਿੰਨਾ ਸੰਭਵ ਹੋ ਸਕੇ, ਵਿਆਪਕ ਕਿਸਮ ਦੇ ਵਿਚਾਰਾਂ ਨੂੰ ਇਕੱਠਾ ਕਰਨ ਲਈ ਮਾਹਰ ਵਿਅਕਤੀਆਂ ਨਾਲ ਗੱਲ ਕਰਨਾ।

ਸੰਦਰਭ ਦੀਆਂ ਸ਼ਰਤਾਂ ਅਨੁਸਾਰ ਜ਼ਰੂਰੀ ਹੈ ਕਿ ਇਨਕੁਆਇਰੀ ਸੋਗਗ੍ਰਸਤ ਪਰਿਵਾਰਾਂ ਅਤੇ ਹੋਰ ਲੋਕਾਂ ਜਿਹਨਾਂ ਨੇ ਮਹਾਂਮਾਰੀ ਦੇ ਨਤੀਜੇ ਵਜੋਂ ਤਕਲੀਫ਼ ਜਾਂ ਨੁਕਸਾਨ ਝੱਲੇ ਹਨ, ਦੇ ਅਨੁਭਵਾਂ ਨੂੰ ਸੁਣ ਕੇ ਉਹਨਾਂ 'ਤੇ ਧਿਆਨ ਪੂਰਵਕ ਗੌਰ ਕਰੇ। ਇਹ ਇੱਕ ਵੱਡਾ ਅਤੇ ਅਹਿਮ ਕਾਰਜ ਹੈ। ਇਨਕੁਆਇਰੀ ਇਸ ਨੂੰ ਬਹੁਤ ਸਾਰੇ ਵੱਖ-ਵੱਖ ਤਰੀਕਿਆਂ ਨਾਲ

ਕਰੇਗੀ, ਜਿਹਨਾਂ ਵਿੱਚ 'ਸੁਣਨ ਦੀ ਕਵਾਇਦ' ਵੀ ਸ਼ਾਮਲ ਹੈ ਜੋ ਇਸ ਸਾਲ ਦੇ ਅਖੀਰ ਵਿੱਚ ਸ਼ੁਰੂ ਹੋਵੇਗੀ।

ਸੁਣਨ ਦੀ ਇਹ ਕਵਾਇਦ ਯੂਕੇ ਭਰ ਤੋਂ ਮਹਾਂਮਾਰੀ ਦੇ ਅਨੁਭਵਾਂ ਨੂੰ ਇਕੱਠਾ ਕਰਦੇ ਹੋਏ ਇਨਕੁਆਇਰੀ ਲਈ ਵੱਡੀ ਅਹਿਮੀਅਤ ਵਾਲੀ ਹੋਵੇਗੀ, ਜਿਸ ਵਿੱਚ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੋਏ ਲੋਕਾਂ ਅਤੇ ਉਹਨਾਂ ਲੋਕਾਂ ਤੋਂ ਵੀ ਅਨੁਭਵ ਸ਼ਾਮਲ ਹੋਣਗੇ ਜਿਹਨਾਂ ਦੀ ਅਵਾਜ਼ ਹਮੇਸ਼ਾ ਸੁਣੀ ਨਹੀਂ ਜਾਂਦੀ। ਇਹ ਗਵਾਹੀ ਦੇਣ ਜਾਂ ਕਿਸੇ ਜਨਤਕ ਸੁਣਵਾਈ ਵਿੱਚ ਹਾਜ਼ਰ ਹੋਣ ਦੀ ਰਸਮੀ ਲੋੜ ਦੇ ਬਗੈਰ, ਲੋਕਾਂ ਨੂੰ ਆਪਣੇ ਅਨੁਭਵਾਂ ਬਾਰੇ ਇਨਕੁਆਇਰੀ ਨੂੰ ਦੱਸਣ ਦਾ ਮੌਕਾ ਮੁਹੱਈਆ ਕਰੇਗੀ, ਤਾਂ ਜੋ ਹਰ ਕੋਈ, ਜੇ ਉਹ ਚਾਹੇ ਤਾਂ, ਇਨਕੁਆਇਰੀ ਵਿੱਚ ਯੋਗਦਾਨ ਪਾਉਣ ਯੋਗ ਅਤੇ ਉਸਦੀ ਗੱਲ ਸੁਣੇ ਜਾਣ ਯੋਗ ਮਹਿਸੂਸ ਕਰਨ। ਮੇਰੀ ਟੀਮ ਨੇ ਇਸ ਵਿਸ਼ੇ 'ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਕਿ ਉਹ ਇਸਨੂੰ ਹਰ ਸੰਭਵ ਤਰੀਕੇ ਨਾਲ ਸੌਖਾ ਕਿਵੇਂ ਬਣਾ ਸਕਦੇ ਹਨ, ਉਦਾਹਰਣ ਲਈ ਆਨਲਾਈਨ ਅਤੇ ਇਸਦੇ ਨਾਲ ਹੀ ਯੂਕੇ ਭਰ ਵਿੱਚ ਗੱਲਬਾਤ ਰਾਹੀਂ।

ਇਨਕੁਆਇਰੀ ਦੇ ਨਾਲ ਸਾਂਝੇ ਕੀਤੇ ਗਏ ਅਨੁਭਵਾਂ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ ਅਤੇ ਜੋ ਵਿਸ਼ੇ ਉਭਰ ਕੇ ਸਾਹਮਣੇ ਆਉਣਗੇ ਉਹਨਾਂ ਨੂੰ ਉਜਾਗਰ ਕਰਨ ਵਾਲੀਆਂ ਰਿਪੋਰਟਾਂ ਤਿਆਰ ਕੀਤੀਆਂ ਜਾਣਗੀਆਂ। ਲੋਕ ਇਨਕੁਆਇਰੀ ਨੂੰ ਕੀ ਕੁਝ ਦੱਸ ਸਕਦੇ ਹਨ, ਇਸ ਬਾਰੇ ਕੋਈ ਪਾਬੰਦੀਆਂ ਨਹੀਂ ਹੋਣਗੀਆਂ, ਹਾਲਾਂਕਿ ਉਹਨਾਂ ਦੇ ਵਿਅਕਤੀਗਤ ਖਾਤਿਆਂ ਦੀ ਜਾਂਚ ਨਹੀਂ ਕੀਤੀ ਜਾ ਸਕਦੀ। ਇਸ ਤਰ੍ਹਾਂ ਸਾਨੂੰ ਸੋਗ ਪੀੜਤਾਂ 'ਤੇ, ਸਿਹਤ ਅਤੇ ਸਮਾਜਕ ਦੇਖਭਾਲ ਸਟਾਫ਼ ਅਤੇ ਦੇਖਭਾਲਕਰਤਾਵਾਂ 'ਤੇ, ਕਾਰੋਬਾਰਾਂ, ਕਰਮਚਾਰੀਆਂ, ਕਰੀਅਰਾਂ ਅਤੇ ਰੋਜ਼ੀ-ਰੋਟੀ 'ਤੇ, ਅਪਰਾਧਕ ਨਿਆਂ ਪ੍ਰਣਾਲੀ 'ਤੇ, ਬੱਚਿਆਂ 'ਤੇ, ਅਕਾਦਮਿਕ ਪ੍ਰਾਪਤੀ 'ਤੇ ਅਤੇ ਚਾਰੇ ਦੇਸ਼ਾਂ ਦੀਆਂ ਵੱਖ-ਵੱਖ ਕਮਿਊਨਿਟੀਆਂ 'ਤੇ ਮਹਾਂਮਾਰੀ ਦੇ ਅਸਰ ਬਾਰੇ ਕਿਤੇ ਵਧੇਰੇ ਜਾਣਨਾ ਚਾਹੀਦਾ ਹੈ।

ਇਹ ਇਨਕੁਆਰੀ ਦੁਨੀਆ ਭਰ ਤੋਂ ਮਹਾਂਮਾਰੀ ਬਾਰੇ ਮੌਜੂਦਾ ਖੋਜ ਦੀ ਵੀ ਸਮੀਖਿਆ ਕਰੇਗੀ, ਜਿੱਥੇ ਇਸ ਨਾਲ ਮਹਾਂਮਾਰੀ ਪ੍ਰਤੀ ਯੂਕੇ ਦੀ ਤਿਆਰੀ ਅਤੇ ਪ੍ਰਤਿਕਿਰਿਆ ਨੂੰ ਸਮਝਣ ਵਿੱਚ ਮਦਦ ਮਿਲੇਗੀ ਅਤੇ ਉਹਨਾਂ ਖੇਤਰਾਂ ਵਿੱਚ ਆਪਣੀ ਖੁਦ ਦੀ ਖੋਜ ਸ਼ੁਰੂ ਕਰੇਗੀ ਜਿੱਥੇ ਨਵੇਂ ਅਕਾਦਮਿਕ ਵਿਸ਼ਲੇਸ਼ਣ ਦੀ ਲੋੜ ਹੈ। ਇਨਕੁਆਇਰੀ ਦੁਆਰਾ ਵਿਚਾਰ

ਕੀਤੀ ਗਈ ਖੋਜ ਦਾ ਖੁਲਾਸਾ, ਜਿੱਥੇ ਉਚਿਤ ਹੋਵੇਗਾ, ਇਸ ਦੀਆਂ ਕਾਰਵਾਈਆਂ ਵਿੱਚ ਕੀਤਾ ਜਾਵੇਗਾ ਅਤੇ ਇਨਕੁਆਇਰੀ ਦੀ ਵੈੱਬਸਾਈਟ 'ਤੇ ਪ੍ਰਕਾਸ਼ਤ ਕੀਤਾ ਜਾਵੇਗਾ।

ਇਨਕੁਆਇਰੀ ਦੇ ਕੰਮ ਵਿੱਚ ਇਸਦੀ ਮਦਦ ਕਰਨ ਲਈ, ਮੈਂ ਵਿਗਿਆਨਕ ਅਤੇ ਹੋਰਨਾਂ ਮਾਹਰਾਂ ਦੇ ਗਰੁੱਪ ਨਿਯੁਕਤ ਕਰਾਂਗੀ, ਜੋ ਵੱਖ-ਵੱਖ ਤਰ੍ਹਾਂ ਦੇ ਵਿਸ਼ਿਆਂ ਅਤੇ ਵਿਚਾਰਾਂ ਨੂੰ ਸ਼ਾਮਲ ਕਰਨਗੇ। ਇਹ ਯਕੀਨੀ ਬਣਾਉਣਾ ਬਹੁਤ ਜ਼ਰੂਰੀ ਹੋਵੇਗਾ ਕਿ ਇਨਕੁਆਇਰੀ ਨੂੰ ਉਪਲਬਧ ਮੁਹਾਰਤ ਤੋਂ ਲਾਭ ਹੋਵੇ ਅਤੇ ਇਹ ਮਹਾਂਮਾਰੀ ਦੇ ਮਹੱਤਵਪੂਰਨ ਵਿਗਿਆਨਕ ਅਤੇ ਆਰਥਿਕ ਪਹਿਲੂਆਂ 'ਤੇ ਵੱਖ-ਵੱਖ ਵਿਚਾਰਾਂ ਨੂੰ ਸਮਝੇ। ਇਹ ਇਨਕੁਆਇਰੀ ਤੱਥ ਲੱਭਣ ਦਾ ਇੱਕ ਸੁਤੰਤਰ ਅਮਲ ਹੈ। ਇਹ ਕੋਈ ਧਾਰਨਾਵਾਂ ਨਹੀਂ ਬਣਾਏਗੀ, ਸਗੋ ਸਬੂਤਾਂ ਦੀ ਅਗਵਾਈ ਵਿੱਚ ਕੀਤੀ ਜਾਵੇਗੀ। ਮਾਹਰ ਗਰੁੱਪਾਂ ਨੂੰ ਸੰਯੁਕਤ ਰਿਪੋਰਟਾਂ ਤਿਆਰ ਕਰਨ ਦਾ ਕੰਮ ਦਿੱਤਾ ਜਾਵੇਗਾ, ਜਿਹਨਾਂ ਨੂੰ ਪ੍ਰਮਾਣਾਂ ਵਿੱਚ ਵਰਤਿਆ ਜਾ ਸਕਦਾ ਹੈ, ਜੋ ਇਹ ਵਰਣਨ ਕਰਨਗੀਆਂ ਕਿ ਜਿਹਨਾਂ ਵਿਸ਼ਿਆਂ 'ਤੇ ਉਹਨਾਂ ਨੂੰ ਸਹਾਇਤਾ ਕਰਨ ਦੀ ਹਦਾਇਤ ਦਿੱਤੀ ਗਈ ਹੈ ਉਹਨਾਂ ਬਾਰੇ ਉਹ ਕਿੱਥੇ ਸਹਿਮਤ ਅਤੇ ਅਸਹਿਮਤ ਹਨ। ਇਨਕੁਆਇਰੀ ਪ੍ਰਧਾਨ ਵਜੋਂ ਇਹ ਮੇਰੇ 'ਤੇ ਨਿਰਭਰ ਕਰੇਗਾ ਕਿ ਉਹਨਾਂ ਨੂੰ ਕਿੰਨੀ ਕੁ ਅਹਿਮੀਅਤ ਦੇਣੀ ਹੈ।

ਸਾਡੇ ਜਾਂਚ-ਪੜਤਾਲ ਦੇ ਕੰਮ ਦੀ ਅਗਵਾਈ ਕਰ ਰਹੀਆਂ ਟੀਮਾਂ ਨੇ ਪਹਿਲਾਂ ਹੀ ਬਹੁਤ ਸਾਰੇ ਵਿਸ਼ਿਆਂ ਦੀ ਪਛਾਣ ਕਰ ਲਈ ਹੈ ਜਿਹਨਾਂ 'ਤੇ ਅਸੀਂ ਰਿਸਰਚ ਨਿਯੁਕਤ ਕਰਾਂਗੇ ਅਤੇ ਮਾਹਰ ਸਲਾਹ ਮੰਗਾਂਗੇ। ਮੈਂ ਪੂਰੀ ਇਨਕੁਆਇਰੀ ਦੇ ਦੌਰਾਨ ਖੋਜ ਅਤੇ ਮਾਹਰ ਸਲਾਹ ਨੂੰ ਸਾਡੀ ਇੱਛਿਤ ਪਹੁੰਚ ਬਾਰੇ ਵਧੇਰੇ ਵੇਰਵੇ ਮੁਹੱਈਆ ਕਰਾਂਗੀ। ਅਸੀਂ ਇਨਕੁਆਇਰੀ ਦੇ ਜਾਂਚ-ਪੜਤਾਲ ਦੇ ਕੰਮ ਨੂੰ ਸੂਚਿਤ ਕਰਨ ਅਤੇ ਜਨਤਕ ਸੁਣਵਾਈਆਂ ਵਾਸਤੇ ਤਿਆਰੀ ਲਈ ਇਹਨਾਂ ਅਨੁਭਵਾਂ, ਰਿਪੋਰਟਾਂ, ਡੇਟਾ ਅਤੇ ਖੋਜ ਨੂੰ ਇਕੱਤਰ ਕਰਾਂਗੇ।

ਜਿਵੇਂ ਕਿ ਮੈਂ ਪਹਿਲਾਂ ਜ਼ਿਕਰ ਕੀਤਾ ਹੈ, ਇਨਕੁਆਇਰੀ ਦੀਆਂ ਸੰਦਰਭ ਦੀਆਂ ਸ਼ਰਤਾਂ ਬਹੁਤ ਵਿਆਪਕ ਅਤੇ ਚੁਣੌਤੀ ਭਰੀਆਂ ਹਨ। ਅਸੀਂ ਇਸ ਗੱਲ 'ਤੇ ਕਾਫ਼ੀ ਵਿਚਾਰ ਕੀਤਾ ਹੈ ਕਿ ਅਸੀਂ ਸਬੂਤਾਂ ਨੂੰ ਕਿਸ ਤਰ੍ਹਾਂ ਸਭ ਤੋਂ ਵਧੀਆ ਢੰਗ ਨਾਲ ਇਕੱਠਾ ਕਰਕੇ ਉਹਨਾਂ ਦੀ ਬਰੀਕੀ ਨਾਲ ਛਾਣਬੀਣ ਕਰ ਸਕਦੇ ਹਾਂ ਅਤੇ ਆਖਰਕਾਰ ਇਨਕੁਆਇਰੀ ਨਿਰਪੱਖ ਅਤੇ

ਮਜ਼ਬੂਤ ਨਤੀਜਿਆਂ 'ਤੇ ਪਹੁੰਚ ਸਕਦੀ ਹੈ।

ਸੰਦਰਭ ਦੀਆਂ ਸ਼ਰਤਾਂ ਦੇ ਤਹਿਤ ਆਉਂਦੇ, ਮਹਾਂਮਾਰੀ ਦੇ ਬਹੁਤ ਸਾਰੇ ਵੱਖ-ਵੱਖ ਪਹਿਲੂਆਂ ਨੂੰ ਸੰਬੋਧਤ ਕਰਨ ਵਾਸਤੇ, ਮੈਂ ਇਹਨਾਂ ਨੂੰ ਮੌਡਿਊਲਾਂ ਵਿੱਚ ਸਮੂਹਬੱਧ ਕਰਨ ਦਾ ਫ਼ੈਸਲਾ ਲਿਆ ਹੈ। ਹਰੇਕ ਦੀ ਜਾਂਚ ਵਾਸਤੇ, ਮੇਰੇ ਕੋਲ ਯੂਕੇ ਭਰ ਵਿੱਚ ਸਥਿਤ ਟੀਮਾਂ ਹੋਣਗੀਆਂ। ਉਹ ਇਹ ਯਕੀਨੀ ਬਣਾਉਂਦੇ ਹੋਏ ਪ੍ਰਮਾਣ ਪ੍ਰਾਪਤ ਕਰਕੇ ਉਹਨਾਂ ਦਾ ਵਿਸ਼ਲੇਸ਼ਣ ਕਰਨਗੀਆਂ, ਕਿ ਇਨਕੁਆਇਰੀ ਦੇ ਮੁੱਖ ਭਾਗੀਦਾਰਾਂ ਨੂੰ ਦਸਤਾਵੇਜ਼ ਮੁਹੱਈਆ ਕਰਾਏ ਜਾਂਦੇ ਹਨ ਅਤੇ ਉਹ ਜਨਤਕ ਸੁਣਵਾਈਆਂ ਵਾਸਤੇ ਤਿਆਰੀ ਕਰਨ ਦੇ ਯੋਗ ਹਨ। ਉਹ ਮੋਟੇ ਤੌਰ 'ਤੇ ਸਮਾਨੰਤਰ ਰੂਪ ਵਿੱਚ ਕੰਮ ਕਰਨਗੀਆਂ। ਇਸਤੋਂ ਬਾਅਦ ਮੈਂ ਹਰੇਕ ਮੌਡਿਊਲ ਲਈ, ਇੱਕ ਤੋਂ ਬਾਅਦ ਇੱਕ, ਜਨਤਕ ਸੁਣਵਾਈਆਂ ਕਰਾਂਗੀ।

ਪ੍ਰਧਾਨ ਮੰਤਰੀ ਨੇ ਕਿਹਾ ਹੈ ਕਿ ਉਹ ਗਵਾਹਾਂ ਨੂੰ ਸੁਣਨ ਅਤੇ ਨਤੀਜੇ ਅਤੇ ਸਿਫ਼ਾਰਸ਼ਾਂ ਤਿਆਰ ਕਰਨ ਵਿੱਚ ਮੇਰੀ ਸਹਾਇਤਾ ਲਈ ਦੋ ਵਾਧੂ ਪੈਨਲ ਮੈਂਬਰਾਂ ਨੂੰ ਨਿਯੁਕਤ ਕਰਨਾ ਚਾਹੁੰਦੇ ਹਨ। ਹਾਲਾਂਕਿ, ਉਹਨਾਂ ਦੀ ਨਿਯੁਕਤੀ ਹੋਣ ਤਕ ਮੈਂ ਕੰਮ ਨੂੰ ਰੋਕਣਾ ਨਹੀਂ ਚਾਹੁੰਦੀ ਹਾਂ, ਇਸ ਕਰਕੇ ਮੈਂ ਇਨਕੁਆਇਰੀ ਟੀਮ ਨੂੰ ਮੌਡਿਊਲ ਤਿਆਰ ਕਰਨ ਵਿੱਚ ਅੱਗੇ ਵਧਣ ਦੀਆਂ ਹਦਾਇਤਾਂ ਦੇ ਦਿੱਤੀਆਂ ਹਨ।

ਮੌਡਿਊਲਾਂ ਦਾ ਸਿਲਸਿਲੇਵਾਰ ਢੰਗ ਨਾਲ ਐਲਾਨ ਕੀਤਾ ਜਾਵੇਗਾ ਅਤੇ ਇਹਨਾਂ ਨੂੰ ਖੋਲ੍ਹਿਆ ਜਾਵੇਗਾ, ਜਿਸ ਵਿੱਚ ਇਨਕੁਆਇਰੀ ਵਿੱਚ ਰਸਮੀ ਭੂਮਿਕਾ ਨਿਭਾਉਣ ਦੇ ਚਾਹਵਾਨ ਲੋਕਾਂ ਨੂੰ, ਸਮੁੱਚੇ ਤੌਰ 'ਤੇ ਇਨਕੁਆਇਰੀ ਦੀ ਬਜਾਏ, ਹਰ ਮੌਡਿਊਲ ਵਾਸਤੇ 'ਮੁੱਖ ਭਾਗੀਦਾਰ' ਬਣਨ ਲਈ ਅਰਜ਼ੀ ਦੇਣ ਵਾਸਤੇ ਸੱਦਾ ਦਿੱਤਾ ਜਾਵੇਗਾ। ਜਦਕਿ ਮੈਂ ਇਹ ਮੰਨਦੀ ਹਾਂ ਕਿ ਕੁਝ ਵਿਅਕਤੀ, ਗਰੁੱਪ ਅਤੇ ਸੰਗਠਨ ਇੱਕ ਤੋਂ ਵੱਧ ਮੌਡਿਊਲਾਂ ਵਿੱਚ ਅਰਜ਼ੀ ਦੇ ਸਕਦੇ ਹਨ ਅਤੇ ਮੁੱਖ ਭਾਗੀਦਾਰ ਬਣ ਸਕਦੇ ਹਨ, ਪਰ ਇਨਕੁਆਇਰੀ ਦੇ ਕੰਮ ਨੂੰ ਵੰਡਣ ਅਤੇ ਉਹਨਾਂ ਨੂੰ ਇਸ ਤਰੀਕੇ ਨਾਲ ਸੌਂਪਣ ਨਾਲ ਮੈਨੂੰ ਇਹ ਯਕੀਨੀ ਬਣਾਉਣ ਵਿੱਚ ਮਦਦ ਮਿਲੇਗੀ ਕਿ ਹਰ ਮੌਡਿਊਲ ਸੰਭਵ ਹੱਦ ਤਕ ਪ੍ਰਬੰਧਨਯੋਗ ਹੋਵੇ ਅਤੇ ਜਿੰਨਾ ਸੰਭਵ ਹੋ ਸਕੇ ਕਾਰਗਰ ਢੰਗ ਨਾਲ ਆਯੋਜਤ ਕੀਤਾ ਜਾਵੇ। ਜਿੱਥੇ ਵੀ ਸੰਭਵ ਹੋਇਆ, ਮੈਂ ਬਿਨੈਕਾਰਾਂ ਨੂੰ ਇੱਕੋ ਜਿਹੀ ਦਿਲਚਸਪੀ ਵਾਲੇ ਹੋਰਨਾਂ ਲੋਕਾਂ ਨਾਲ ਮਿਲ ਕੇ ਗਰੁੱਪ ਬਣਾਉਣ ਲਈ ਸੱਦਾ ਦਿੰਦੀ ਹਾਂ, ਤਾਂ ਜੋ ਸੰਭਾਵਤ ਰੂਪ ਵਿੱਚ ਵੱਡੀ ਗਿਣਤੀ ਵਿੱਚ ਮੁੱਖ ਭਾਗੀਦਾਰ ਦਾ ਦਰਜਾ ਚਾਹੁਣ ਵਾਲੇ ਲੋਕਾਂ ਅਤੇ ਸੰਗਠਨਾਂ ਦਾ ਪ੍ਰਬੰਧਨ ਕਰਨ ਵਿੱਚ ਮਦਦ ਮਿਲ

ਸਕੇ।

ਮੈਂ ਇਸ ਸਾਲ ਪਹਿਲੇ ਤਿੰਨ ਮੋਡਿਊਲ ਖੋਲ੍ਹਾਂਗੀ ਅਤੇ ਮੁੱਢਲੀਆਂ ਸੁਣਵਾਈਆਂ ਕਰਾਂਗੀ, ਅਤੇ 2023 ਦੀ ਬਸੰਤ ਦੇ ਅਖੀਰ ਵਿੱਚ ਅਸਲ ਜਨਤਕ ਸੁਣਵਾਈਆਂ ਸ਼ੁਰੂ ਹੋਣਗੀਆਂ।

ਮੋਡਿਊਲ 1 ਅੱਜ ਖੁੱਲ੍ਹੇਗਾ। ਇਹ ਮੋਡਿਊਲ ਇਸ ਬਾਰੇ ਵਿਚਾਰ ਕਰੇਗਾ ਕਿ ਕੋਰੋਨਾਵਾਇਰਸ ਮਹਾਂਮਾਰੀ ਦੇ ਜੋਖਮ ਨੂੰ ਕਿਸ ਹੱਦ ਤਕ ਸਹੀ ਤਰੀਕੇ ਨਾਲ ਪਛਾਣਿਆ ਗਿਆ ਸੀ ਅਤੇ ਉਸਦੇ ਲਈ ਯੋਜਨਾ ਬਣਾਈ ਗਈ ਸੀ ਅਤੇ ਕੀ ਯੂਕੇ ਉਸ ਘਟਨਾ ਲਈ ਤਿਆਰ ਸੀ ਜਾਂ ਨਹੀਂ। ਇਹ ਮੋਡਿਊਲ ਰੀਸੋਰਸਿੰਗ, ਜੋਖਮ ਪ੍ਰਬੰਧਨ ਦੀ ਪ੍ਰਣਾਲੀ ਅਤੇ ਮਹਾਂਮਾਰੀ ਦੀ ਤਿਆਰੀ ਸਮੇਤ, ਸਮੁੱਚੇ-ਸਿਸਟਮ ਵਾਲੀਆਂ ਸਿਵਲ ਐਮਰਜੈਂਸੀਆਂ ਲਈ ਯੂਕੇ ਦੀ ਤਿਆਰੀ ਨੂੰ ਦੇਖੇਗਾ। ਇਹ ਵਿਉਂਤਬੰਦੀ ਨਾਲ ਜੁੜੇ ਸਰਕਾਰ ਦੇ ਫ਼ੈਸਲੇ ਲੈਣ ਦੀ ਛਾਣਬੀਣ ਕਰੇਗਾ ਅਤੇ ਪਹਿਲਾਂ ਦੀਆਂ ਘਟਨਾਵਾਂ ਅਤੇ ਕੰਪਿਊਟਰ ਦੁਆਰਾ ਤਿਆਰ ਨਕਲੀ ਘਟਨਾਵਾਂ (ਸਿਮੂਲੇਸ਼ਨਾਂ) ਅਤੇ ਅੰਤਰਰਾਸ਼ਟਰੀ ਤੁਲਨਾਵਾਂ ਤੋਂ ਮਿਲੀਆਂ ਸਿੱਖਿਆਵਾਂ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰੇਗਾ।

ਮੈਂ ਸਤੰਬਰ ਵਿੱਚ ਇਸ ਮੋਡਿਊਲ ਵਿੱਚ ਪਹਿਲੀ ਮੁੱਢਲੀ ਸੁਣਵਾਈ ਆਯੋਜਤ ਕਰਨ ਦੀ ਯੋਜਨਾ ਬਣਾ ਰਹੀ ਹਾਂ ਅਤੇ ਮੋਡਿਊਲ 1 ਲਈ ਪੂਰੀਆਂ ਜਨਤਕ ਸੁਣਵਾਈਆਂ ਅਗਲੇ ਸਾਲ ਬਸੰਤ ਵਿੱਚ ਸ਼ੁਰੂ ਹੋਣਗੀਆਂ। ਨਾਲ ਹੀ ਉਹਨਾਂ ਲੋਕਾਂ ਲਈ ਅੱਜ ਤੋਂ ਅਰਜ਼ੀਆਂ ਦੇਣ ਦੀ ਪ੍ਰਕਿਰਿਆ ਸ਼ੁਰੂ ਹੋ ਰਹੀ ਹੈ ਜੋ ਚਾਹੁੰਦੇ ਹਨ ਕਿ ਉਹਨਾਂ 'ਤੇ ਮੋਡਿਊਲ 1 ਦੇ ਮੁੱਖ ਭਾਗੀਦਾਰਾਂ ਵਜੋਂ ਵਿਚਾਰ ਕੀਤਾ ਜਾਵੇ। ਅਰਜ਼ੀਆਂ ਦੀ ਅੰਤਮ ਤਾਰੀਖ 16 ਅਗਸਤ ਹੋਵੇਗੀ।

ਮੋਡਿਊਲ 2 ਨੂੰ ਹਿੱਸਿਆਂ ਵਿੱਚ ਵੰਡਿਆ ਜਾਵੇਗਾ। ਪਹਿਲਾ ਹਿੱਸਾ ਯੂਕੇ ਲਈ ਮੁੱਖ ਸਿਆਸੀ ਅਤੇ ਪ੍ਰਸ਼ਾਸਕੀ ਸ਼ਾਸਨ ਅਤੇ ਫ਼ੈਸਲੇ ਲੈਣ ਬਾਰੇ ਵਿਚਾਰ ਕਰੇਗਾ। ਇਸ ਵਿੱਚ ਕੋਵਿਡ-19 ਮਹਾਂਮਾਰੀ ਪ੍ਰਤੀ ਯੂਕੇ ਦੀ ਸ਼ੁਰੂਆਤੀ ਪ੍ਰਤਿਕਿਰਿਆ ਸ਼ਾਮਲ ਹੋਵੇਗੀ ਅਤੇ ਇਹ ਕੇਂਦਰ ਸਰਕਾਰ ਦੇ ਫ਼ੈਸਲੇ ਲੈਣ ਨੂੰ ਸੰਬੋਧਤ ਕਰੇਗਾ, ਜਿਸ ਵਿੱਚ ਸਿਆਸੀ ਅਤੇ ਸਿਵਲ ਸੇਵਾ ਕਾਰਗੁਜ਼ਾਰੀ ਅਤੇ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿੱਚ ਸਰਕਾਰਾਂ, ਸਥਾਨਕ ਅਥਾਰਟੀ ਅਤੇ ਵਾਲੰਟਰੀ/ਕਮਿਊਨਿਟੀ ਸੈਕਟਰਾਂ ਨਾਲ ਸਬੰਧਾਂ ਦੀ ਕਾਰਗਰਤਾ ਸ਼ਾਮਲ ਹੈ। ਇਹ ਗੈਰ-ਫ਼ਾਰਮਾਸਿਊਟੀਕਲ ਦਖਲਾਂ

(ਦੂਜੇ ਸ਼ਬਦਾਂ ਵਿੱਚ ਲਾਕਡਾਊਨ ਅਤੇ ਦੂਜੀਆਂ ਸਾਰੀਆਂ ਪਾਬੰਦੀਆਂ ਅਤੇ ਲੋੜਾਂ) ਲਈ ਫ਼ੈਸਲੇ ਲੈਣ ਦੇ ਨਾਲ-ਨਾਲ ਵਿਗਿਆਨਕ ਮੁਹਾਰਤ ਦੇ ਇਸਤੇਮਾਲ, ਡੇਟਾ ਇਕੱਤਰ ਕਰਨ ਅਤੇ ਮਾਡਲਿੰਗ, ਸਰਕਾਰੀ ਅਤੇ ਜਨ ਸਿਹਤ ਸੰਪਰਕ, ਜਿਹਨਾਂ ਵਿੱਚ ਵਿਹਾਰਵਾਦੀ ਵਿਗਿਆਨ, ਮੈਸੇਜਿੰਗ ਅਤੇ ਭਰੋਸੇ ਨੂੰ ਕਾਇਮ ਰੱਖਣ ਅਤੇ ਸੰਸਦੀ ਨਿਗਰਾਨੀ ਅਤੇ ਰੈਗੂਲੇਟਰੀ ਕੰਟ੍ਰੋਲ ਸ਼ਾਮਲ ਹਨ, 'ਤੇ ਵਿਚਾਰ ਕਰੇਗਾ।

ਮੌਡਿਊਲ 2 ਵਿੱਚ ਯੂਕੇ-ਵਿਆਪੀ (ਅਤੇ ਇੰਗਲਿਸ਼ ਵੀ) ਪਰਿਪੇਖ ਤੋਂ ਬਣੀ ਤਸਵੀਰ 'ਤੇ ਵਿਚਾਰ ਕਰਨ ਤੋਂ ਬਾਅਦ, ਮੌਡਿਊਲ 2A, 2B ਅਤੇ 2C ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਦੇ ਦ੍ਰਿਸ਼ਟੀਕੋਣ ਤੋਂ ਓਨੇ ਹੀ ਵਿਆਪਕ ਅਤੇ ਕੂਟਨੀਤਕ ਮੁੱਦਿਆਂ ਨੂੰ ਸੰਬੋਧਤ ਕਰਨਗੇ। ਮੌਡਿਊਲ 2A, 2B ਅਤੇ 2C ਕ੍ਰਮਵਾਰ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿੱਚ ਹੋਣਗੇ।

ਹਾਲਾਂਕਿ ਸਕਾਟਲੈਂਡ ਵਿੱਚ ਲੇਡੀ ਪੂਲ ਦੇ ਤਹਿਤ ਇਸਦੀ ਸਰਕਾਰ ਨੂੰ ਸੌਂਪੇ ਗਏ (devolved) ਮਾਮਲਿਆਂ ਨੂੰ ਦੇਖਣ ਲਈ ਇੱਕ ਇਨਕੁਆਇਰੀ ਸਥਾਪਤ ਕੀਤੀ ਗਈ ਹੈ (ਅਤੇ ਇਹ ਸੰਭਾਵਨਾ ਬਰਕਰਾਰ ਹੈ ਕਿ ਵੇਲਜ਼ ਅਤੇ ਉੱਤਰੀ ਆਇਰਲੈਂਡ ਵਿੱਚ ਵੀ ਇਨਕੁਆਇਰੀਆਂ ਸਥਾਪਤ ਕੀਤੀਆਂ ਜਾਣਗੀਆਂ), ਮੇਰੀ ਇਨਕੁਆਇਰੀ ਦਾ ਕਾਰਜ ਖੇਤਰ ਯੂਕੇ-ਵਿਆਪੀ ਹੈ। ਇਨਕੁਆਇਰੀਜ਼ ਐਕਟ 2005 ਦੀਆਂ ਸ਼ਰਤਾਂ ਅਤੇ ਮੇਰੀਆਂ ਸੰਦਰਭ ਦੀਆਂ ਸ਼ਰਤਾਂ ਨੂੰ ਦੇਖਦੇ ਹੋਏ, ਇਹ ਲਾਜ਼ਮੀ ਹੈ ਕਿ ਮੈਨੂੰ ਉਹਨਾਂ ਮਾਮਲਿਆਂ 'ਤੇ ਵਿਚਾਰ ਕਰਨਾ ਹੋਵੇਗਾ ਜੋ ਰਾਖਵੇਂ ਵੀ ਹਨ ਅਤੇ ਸੌਂਪੇ ਹੋਏ ਵੀ ਜਿੱਥੇ ਉਹ ਪਰਸਪਰ-ਵਿਆਪੀ (ਓਵਰਲੈਪ) ਹੁੰਦੇ ਹਨ। ਹਾਲਾਂਕਿ, ਜਦੋਂ ਇਨਕੁਆਇਰੀ ਬਾਅਦ ਦੇ ਮੌਡਿਊਲਾਂ ਵਿੱਚ ਜ਼ਿੰਮੇਵਾਰੀ ਪ੍ਰਾਪਤ ਦੇਸ਼ਾਂ ਵਿੱਚੋਂ ਹਰੇਕ 'ਤੇ ਵਾਪਸ ਆਏਗੀ, ਤਾਂ ਕਿ ਉਹਨਾਂ ਮਾਮਲਿਆਂ ਨੂੰ ਸੰਬੋਧਤ ਕੀਤਾ ਜਾ ਸਕੇ ਜੋ ਮੌਡਿਊਲ 2A, 2B ਅਤੇ 2C ਵਿੱਚ ਸ਼ਾਮਲ ਨਹੀਂ ਹਨ ਤਾਂ ਸਕਾਟਿਸ਼ ਮਾਮਲਿਆਂ ਦੇ ਵਿਸ਼ੇ ਵਿੱਚ, ਮੇਰਾ ਇਰਾਦਾ ਇਹ ਹੈ ਕਿ ਜਿੰਨਾ ਸੰਭਵ ਹੋ ਸਕੇ ਵੱਧ ਤੋਂ ਵੱਧ ਸੌਂਪੇ ਹੋਏ ਮੁੱਦਿਆਂ ਨੂੰ ਸਕੌਟਿਸ਼ ਇਨਕੁਆਇਰੀ ਲਈ ਛੱਡ ਦਿੱਤਾ ਜਾਵੇ।

ਇਸ ਦ੍ਰਿਸ਼ਟੀਕੋਣ ਨੂੰ ਅਪਣਾਉਣ ਵਿੱਚ, ਮੇਰੀ ਮੁੱਢਲੀ ਸੋਚ ਯੂਕੇ ਭਰ ਦੇ ਲੋਕਾਂ ਲਈ ਇਹ ਸਪੱਸ਼ਟ ਹੋਣਾ ਹੈ ਕਿ ਵਿਸ਼ੇਸ਼ ਮੁੱਦਿਆਂ ਨੂੰ ਦੇਖਣ ਲਈ ਕਿਹੜੀ ਇਨਕੁਆਇਰੀ ਜ਼ਿੰਮੇਵਾਰ ਹੈ। ਮੈਨੂੰ ਉਹਨਾਂ ਸੰਗਠਨਾਂ ਅਤੇ ਵਿਅਕਤੀਆਂ ਵੱਲ ਵੀ ਧਿਆਨ ਦੇਣਾ ਹੋਵੇਗਾ ਜਿਹਨਾਂ ਨੂੰ ਗਵਾਹੀ ਦੇਣ ਲਈ ਸੱਦਿਆ ਜਾਵੇਗਾ, ਅਤੇ ਉਹਨਾਂ ਨੂੰ ਇਹ ਭਰੋਸਾ ਦਿਵਾਉਣਾ

ਪਵੇਗਾ ਕਿ ਵੱਖ-ਵੱਖ ਇਨਕੁਆਇਰੀਆਂ ਤੋਂ ਇੱਕੋ ਹੀ ਸਮੱਗਰੀ ਲਈ ਵਾਰ-ਵਾਰ ਕਾਲ ਨਹੀਂ ਕੀਤਾ ਜਾਵੇਗਾ। ਜਦੋਂ ਮੇਰੀ ਇਨਕੁਆਇਰੀ ਖਾਸ ਤੌਰ 'ਤੇ ਸਕਾਟਲੈਂਡ, ਵੇਲਜ਼, ਅਤੇ ਉੱਤਰੀ ਆਇਰਲੈਂਡ ਨਾਲ ਜੁੜੇ ਮੁੱਦਿਆਂ ਦੀ ਜਾਂਚ ਕਰੇਗੀ, ਤਾਂ ਮੇਰੀ ਕੋਸ਼ਿਸ਼ ਹੋਵੇਗੀ ਕਿ ਉਹਨਾਂ ਦੇਸ਼ਾਂ ਵਿੱਚ ਸਰਕਾਰਾਂ ਦੁਆਰਾ ਸਥਾਪਤ ਕੋਈ ਵੀ ਇਨਕੁਆਇਰੀਆਂ ਨਾਲ ਜਾਂਚ-ਪੜਤਾਲ, ਸਬੂਤ ਇਕੱਠੇ ਕਰਨ, ਅਤੇ ਰਿਪੋਰਟਿੰਗ ਦੇ ਦੁਹਰਾਅ ਨੂੰ ਘੱਟ ਤੋਂ ਘੱਟ ਕੀਤਾ ਜਾ ਸਕੇ।

ਜਨਤਕ ਸੁਣਵਾਈਆਂ ਲਈ ਇਨਕੁਆਇਰੀ ਦਾ ਅਧਾਰ ਲੰਡਨ ਵਿੱਚ ਹੋਵੇਗਾ, ਪਰ ਇਹ ਯੂਕੇ ਨੂੰ ਬਣਾਉਣ ਵਾਲੇ ਚਾਰੇ ਦੇਸ਼ਾਂ ਵਿੱਚੋਂ ਹਰੇਕ ਵਿੱਚ ਮਹਾਂਮਾਰੀ ਦੀ ਪ੍ਰਤਿਕਿਰਿਆ ਅਤੇ ਅਸਰ ਬਾਰੇ ਗਵਾਹਾਂ ਨੂੰ ਸੁਣਨ ਵਿੱਚ ਸਮਾਂ ਬਿਤਾਏਗੀ।

ਇਨਕੁਆਇਰੀ ਇਸ ਸਾਲ ਅਗਸਤ ਦੇ ਅਖੀਰ ਵਿੱਚ ਮੌਡਿਊਲ 2 ਨੂੰ ਖੋਲ੍ਹੇਗੀ, ਪਤਝੜ ਵਿੱਚ ਪਹਿਲੀਆਂ ਮੁੱਢਲੀਆਂ ਸੁਣਵਾਈਆਂ ਦਾ ਆਯੋਜਨ ਕਰੇਗੀ, ਅਤੇ ਇਸ ਮੌਡਿਊਲ ਲਈ ਜਨਤਕ ਸੁਣਵਾਈਆਂ ਲੰਡਨ ਵਿੱਚ 2023 ਦੀਆਂ ਗਰਮੀਆਂ ਵਿੱਚ ਸ਼ੁਰੂ ਹੋਣਗੀਆਂ। ਮੌਡਿਊਲ 2A, 2B ਅਤੇ 2C, ਇਸ ਤੋਂ ਬਾਅਦ ਹੋਣਗੇ।

ਮੌਡਿਊਲ 3 ਆਮ ਤੌਰ 'ਤੇ ਸਿਹਤ-ਸੰਭਾਲ ਪ੍ਰਣਾਲੀਆਂ 'ਤੇ ਅਤੇ ਮਰੀਜ਼ਾਂ, ਹਸਪਤਾਲ ਅਤੇ ਹੋਰਨਾਂ ਸਿਹਤ-ਸੰਭਾਲ ਕਰਮਚਾਰੀਆਂ ਅਤੇ ਸਟਾਫ਼ ਉੱਪਰ ਕੋਵਿਡ ਦੇ ਅਸਰ, ਅਤੇ ਕੋਵਿਡ ਪ੍ਰਤੀ ਸਰਕਾਰੀ ਅਤੇ ਸਮਾਜਕ ਪ੍ਰਤਿਕਿਰਿਆਵਾਂ ਦੇ ਅਸਰ ਦੀ ਜਾਂਚ ਕਰੇਗਾ। ਹੋਰਨਾਂ ਮੁੱਦਿਆਂ ਤੋਂ ਇਲਾਵਾ, ਇਹ ਸਿਹਤ-ਸੰਭਾਲ ਪ੍ਰਣਾਲੀਆਂ ਅਤੇ ਸ਼ਾਸਨ, ਹਸਪਤਾਲਾਂ, ਮੁੱਢਲੀ ਦੇਖਭਾਲ (GPs ਅਤੇ ਦੰਦਾਂ ਦੇ ਡਾਕਟਰਾਂ ਸਮੇਤ), NHS ਬੈਕਲੌਗ ਅਤੇ ਗੈਰ-ਕੋਵਿਡ ਇਲਾਜ 'ਤੇ ਅਸਰ, ਟੀਕਾਕਰਣ ਪ੍ਰੋਗਰਾਮਾਂ ਦੇ ਸਿਹਤ-ਸੰਭਾਲ ਪ੍ਰਬੰਧਾਂ 'ਤੇ ਅਸਰ ਅਤੇ ਲੰਬੇ-ਕੋਵਿਡ ਦੀ ਰੋਗ-ਪਛਾਣ ਅਤੇ ਸਹਾਇਤਾ ਦੀ ਜਾਂਚ-ਪੜਤਾਲ ਕਰੇਗਾ।

ਇਹ ਸਿਰਫ਼ ਪਹਿਲੇ ਮੌਡਿਊਲ ਹਨ ਜਿਹਨਾਂ ਦੀ ਜਾਂਚ-ਪੜਤਾਲ ਇਨੁਕਆਇਰੀ ਕਰੇਗੀ ਅਤੇ ਆਉਣ ਵਾਲੇ ਮਹੀਨਿਆਂ ਵਿੱਚ ਬਾਅਦ ਦੇ ਮੌਡਿਊਲਾਂ ਬਾਰੇ ਇਨਕੁਆਇਰੀ ਵਧੇਰੇ ਜਾਣਕਾਰੀ ਪ੍ਰਕਾਸ਼ਤ ਕਰੇਗੀ। ਮੋਟੇ ਤੌਰ 'ਤੇ, ਇਹਨਾਂ ਮੌਡਿਊਲਾਂ ਦੁਆਰਾ ਪੂਰੇ ਯੂਕੇ ਵਿੱਚ 'ਪ੍ਰਣਾਲੀ' ਅਤੇ 'ਅਸਰ' ਦੋਵੇਂ ਮੁੱਦਿਆਂ ਨੂੰ ਸ਼ਾਮਲ ਕਰਨ ਦੀ ਸੰਭਾਵਨਾ ਹੈ, ਜਿਹਨਾਂ ਵਿੱਚ ਸ਼ਾਮਲ ਹਨ: ਯੂਕੇ ਭਰ ਵਿੱਚ ਵੈਕਸੀਨ, ਚਿਕਿਤਸਾ ਅਤੇ ਐਂਟੀ-ਵਾਇਰਲ ਇਲਾਜ, ਦੇਖਭਾਲ ਸੈਕਟਰ, ਸਰਕਾਰੀ

ਖਰੀਦ ਅਤੇ PPE, ਜਾਂਚ (ਟੈਸਟਿੰਗ) ਅਤੇ ਟ੍ਰੇਸਿੰਗ, ਸਰਕਾਰੀ ਕਾਰੋਬਾਰ ਅਤੇ ਯੂਕੇ ਭਰ ਵਿੱਚ ਵਿੱਤੀ ਪ੍ਰਤਿਕਿਰਿਆਵਾਂ ਅਤੇ ਕਾਰੋਬਾਰੀ ਸੈਕਟਰਾਂ 'ਤੇ ਅਸਰ, ਸਿਹਤ ਸਬੰਧੀ ਨਾਬਰਾਬਰੀਆਂ ਅਤੇ ਕੋਵਿਡ-19 ਦਾ ਅਸਰ, ਸਿੱਖਿਆ ਅਤੇ ਬੱਚੇ ਅਤੇ ਨੌਜਵਾਨ ਅਤੇ ਕੋਵਿਡ-19 ਦੇ ਜਨਤਕ ਸੇਵਾਵਾਂ ਅਤੇ ਹੋਰਨਾਂ ਜਨਤਕ ਖੇਤਰਾਂ ਉੱਤੇ ਅਸਰ।

ਮੈਂ ਸੰਦਰਭ ਦੀਆਂ ਸ਼ਰਤਾਂ ਤੋਂ ਆਪਣੇ ਵਾਅਦੇ ਨੂੰ ਦੁਹਰਾਉਂਦੀ ਹਾਂ ਕਿ ਇਹਨਾਂ ਸਾਰੇ ਮੁੱਦਿਆਂ ਦੀ ਜਾਂਚ-ਪੜਤਾਲ ਕਰਦੇ ਸਮੇਂ, ਨਾਬਰਾਬਰੀਆਂ ਇਨਕੁਆਇਰੀ ਦੀ ਜਾਂਚ-ਪੜਤਾਲ ਵਿੱਚ ਸਭ ਤੋਂ ਮੂਹਰੇ ਹੋਣਗੀਆਂ।

ਮੈਨੂੰ ਪਤਾ ਹੈ ਕਿ ਬਹੁਤ ਸਾਰੇ ਲੋਕ ਇਹ ਜਾਣਨ ਲਈ ਉਤਸੁਕ ਹੋਣਗੇ ਕਿ ਉਹਨਾਂ ਨੂੰ ਮੇਰੇ ਨਤੀਜਿਆਂ ਅਤੇ ਸਿਫ਼ਾਰਸ਼ਾਂ ਬਾਰੇ ਸੁਣਨ ਲਈ ਕਿੰਨਾ ਚਿਰ ਉਡੀਕ ਕਰਨੀ ਪਵੇਗੀ। ਮੌਡਿਊਲਾਂ ਦੇ ਜ਼ਰੀਏ ਇਨਕੁਆਇਰੀ ਚਲਾ ਕੇ, ਮੈਂ ਬਾਕਾਇਦਾ ਰਿਪੋਰਟਾਂ ਤਿਆਰ ਕਰ ਸਕਾਂਗੀ। ਮੇਰਾ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਰਿਪੋਰਟਾਂ ਮੁੱਖ ਵਿਸ਼ਲੇਸ਼ਣ, ਨਤੀਜਿਆਂ ਅਤੇ ਸਿਫ਼ਾਰਸ਼ਾਂ ਉੱਪਰ ਕੇਂਦ੍ਰਿਤ ਹੋਣ ਅਤੇ ਉਹਨਾਂ ਨੂੰ ਸਰਲ ਭਾਸ਼ਾ ਵਿੱਚ ਲਿਖਿਆ ਜਾਵੇ ਤਾਂ ਜੋ ਉਹਨਾਂ ਨੂੰ ਪੜ੍ਹਨ ਦੀ ਇੱਛਾ ਰੱਖਣ ਵਾਲਾ ਕੋਈ ਵੀ ਵਿਅਕਤੀ ਉਹਨਾਂ ਨੂੰ ਅਸਾਨੀ ਨਾਲ ਸਮਝ ਸਕੇ। ਜਿੱਥੇ ਮੈਂ ਲੋਕਾਂ ਜਾਂ ਸੰਗਠਨਾਂ ਨੂੰ ਸਿਫ਼ਾਰਸ਼ਾਂ ਕਰਦੀ ਹਾਂ, ਮੈਂ ਉਹਨਾਂ ਤੋਂ ਇਹ ਉਮੀਦ ਕਰਦੀ ਹਾਂ ਕਿ ਉਹ ਉਹਨਾਂ 'ਤੇ ਛੇਤੀ ਵਿਚਾਰ ਕਰਕੇ ਪ੍ਰਤਿਕਿਰਿਆ ਦੇਣ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਯੂਕੇ ਅਗਲੀ ਮਹਾਂਮਾਰੀ ਦਾ ਜਵਾਬ ਦੇਣ ਅਤੇ ਆਪਣੇ ਲੋਕਾਂ ਦੀਆਂ ਜਾਨਾਂ ਦੀ ਰੱਖਿਆ ਕਰਨ ਲਈ ਓਨਾ ਹੀ ਤਿਆਰ ਹੈ ਜਿੰਨਾ ਇਹ ਹੋ ਸਕਦਾ ਹੈ। ਇਨਕੁਆਇਰੀ ਆਪਣੇ ਜੀਵਨ ਕਾਲ ਦੌਰਾਨ ਕੀਤੀਆਂ ਸਿਫ਼ਾਰਸ਼ਾਂ ਨੂੰ ਲਾਗੂ ਕੀਤੇ ਜਾਣ ਦੀ ਨਿਗਰਾਨੀ ਕਰੇਗੀ।

ਮੈਂ ਉਸੇ ਜਗ੍ਹਾ ਖ਼ਤਮ ਕਰਨਾ ਚਾਹੁੰਦੀ ਹਾਂ ਜਿੱਥੋਂ ਮੈਂ ਸ਼ੁਰੂ ਕੀਤਾ ਸੀ, ਜੋ ਸਭ ਤੋਂ ਵੱਧ ਪੀੜਤ ਲੋਕਾਂ ਲਈ ਇਸ ਇਨਕੁਆਇਰੀ ਦੀ ਅਹਿਮੀਅਤ ਨੂੰ ਦਰਸਾਉਂਦਾ ਹੈ। ਇਸ ਸਾਲ ਦੀ ਸ਼ੁਰੂਆਤ ਵਿੱਚ ਜਨਤਕ ਸਲਾਹ-ਮਸ਼ਵਰੇ ਦੇ ਦੌਰਾਨ, ਜਦੋਂ ਮੈਂ ਉਹਨਾਂ ਪਰਿਵਾਰਾਂ ਨੂੰ ਮਿਲੀ ਜਿਹਨਾਂ ਨੇ ਮਹਾਂਮਾਰੀ ਦੌਰਾਨ ਆਪਣੇ ਅਜ਼ੀਜ਼ਾਂ ਨੂੰ ਗੁਆਇਆ ਸੀ, ਤਾਂ ਮੈਂ ਉਹਨਾਂ ਦੇ ਨੁਕਸਾਨ ਦੇ ਵਿਨਾਸ਼ਕਾਰੀ ਸਰੂਪ ਤੋਂ ਬਹੁਤ ਪ੍ਰਭਾਵਿਤ ਹੋਈ ਸੀ, ਜੋ ਕਿ ਉਹਨਾਂ ਦੇ ਸੋਗ ਮਨਾ ਸਕਣ ਦੀ ਯੋਗਤਾ ਉੱਪਰ ਉਸ ਸਮੇਂ ਲਾਗੂ ਪਾਬੰਦੀਆਂ ਦੇ ਅਸਰ ਨਾਲ ਹੋਰ ਵੀ ਵੱਧ ਗਿਆ ਸੀ। ਮੈਂ ਜਾਣਦੀ ਹਾਂ ਕਿ ਮਹਾਂਮਾਰੀ ਦੇ ਨਤੀਜੇ ਵਜੋਂ ਹੋਰਨਾਂ ਨੂੰ ਵੀ ਵੱਡਾ ਨੁਕਸਾਨ ਹੋਇਆ ਹੈ ਅਤੇ ਹਰ ਵਿਅਕਤੀ ਦਾ ਜੀਵਨ ਕੁਝ ਹੱਦ ਤਕ ਬਦਲ ਗਿਆ

ਹੈ। ਜਿੱਥੋਂ ਤਕ ਮੇਰਾ ਸਬੰਧ ਹੈ, ਮੈਂ ਇਨਕੁਆਇਰੀ ਨੂੰ ਅਜਿਹੇ ਤਰੀਕੇ ਨਾਲ ਕਰਨ ਦੀ ਆਪਣੀ ਪੁਰਜ਼ੋਰ ਕੋਸ਼ਿਸ਼ ਕਰਾਂਗੀ ਜੋ ਇਸ ਕਸ਼ਟ ਨੂੰ ਸਵੀਕਾਰ ਕਰਦਾ ਹੋਵੇ ਅਤੇ ਭਵਿੱਖ ਵਿੱਚ ਹੋਰਨਾਂ ਦੇ ਇਸੇ ਤਰ੍ਹਾਂ ਕਸ਼ਟ ਸਹਿਣ ਦੀ ਗੁੰਜਾਇਸ਼ ਨੂੰ ਘਟਾਉਣ ਦੀ ਕੋਸ਼ਿਸ਼ ਕਰਦਾ ਹੋਵੇ।

ਮੇਰੀ ਜਾਂਚ-ਪੜਤਾਲ ਦੀ ਵਿਆਪਕਤਾ ਦੇ ਮੱਦੇਨਜ਼ਰ, ਇਹ ਓਨੀ ਛੇਤੀ ਪੂਰੀ ਨਹੀਂ ਹੋਵੇਗੀ ਜਿੰਨੀ ਛੇਤੀ ਕੁਝ ਲੋਕ ਸ਼ਾਇਦ ਚਾਹੁੰਦੇ ਹੋ ਸਕਦੇ ਹਨ। ਮੈਂ ਇਸਦੇ ਲਈ ਕੋਈ ਮੁਆਫ਼ੀ ਨਹੀਂ ਮੰਗਦੀ। ਮੈਂ ਇਹ ਯਕੀਨੀ ਬਣਾਉਣ ਲਈ ਦ੍ਰਿੜ੍ਹ-ਸੰਕਲਪ ਹਾਂ ਕਿ ਇਨਕੁਆਇਰੀ ਕੋਲ ਲੋੜੀਂਦੇ ਸਬੂਤਾਂ ਤਕ ਪਹੁੰਚ ਪ੍ਰਾਪਤ ਹੋਵੇ ਅਤੇ ਗਵਾਹਾਂ ਦੇ ਮੇਰੇ ਅੱਗੇ ਪੇਸ਼ ਹੋਣ ਤੋਂ ਪਹਿਲਾਂ ਉਹਨਾਂ ਗਵਾਹਾਂ ਦਾ ਸਹੀ ਢੰਗ ਨਾਲ ਵਿਸ਼ਲੇਸ਼ਣ ਕਰਨ ਦਾ ਸਮਾਂ ਹੋਵੇ। ਮੈਂ ਇਹ ਯਕੀਨੀ ਬਣਾਉਣ ਵਾਸਤੇ ਕੋਸ਼ਿਸ਼ ਕਰਾਂਗੀ ਕਿ ਮੌਡਿਊਲਾਂ ਦਾ ਕ੍ਰਮ ਸਪਸ਼ਟ ਸਮਝ ਆਉਣ ਵਾਲਾ ਹੋਵੇ ਅਤੇ ਮਹਾਂਮਾਰੀ ਦੀ ਇੱਕ ਤਸਵੀਰ ਬਣਾਉਂਦਾ ਹੋਵੇ; ਹਰ ਕੋਈ ਉਸ ਕ੍ਰਮ ਨਾਲ ਸਹਿਮਤ ਨਹੀਂ ਹੋਵੇਗਾ ਪਰ ਇਸ ਨਾਲ ਮੈਂ ਹਰ ਉਸ ਮੁੱਦੇ ਨੂੰ ਲੋੜੀਂਦੀ ਡੂੰਘਾਈ ਵਿੱਚ ਦੇਖ ਸਕਾਂਗੀ, ਜਿਸ ਬਾਰੇ ਮੈਨੂੰ ਲੱਗਦਾ ਹੈ ਕਿ ਬਰੀਕੀ ਨਾਲ ਛਾਣਬੀਣ ਕਰਨ ਦੀ ਲੋੜ ਹੈ।

ਇਹ ਇਨਕੁਆਇਰੀ ਸਾਡੇ ਵਾਸਤੇ ਯੂਕੇ ਵਿੱਚ ਮਹਾਂਮਾਰੀ ਦੌਰਾਨ ਜੋ ਕੁਝ ਵੀ ਵਾਪਰਿਆ ਉਸ ਬਾਰੇ ਚਿੰਤਨ ਕਰਨ ਦਾ ਮੌਕਾ ਹੈ – ਕੀ ਕੁਝ ਸੁਧਾਰਿਆ ਜਾ ਸਕਦਾ ਹੈ ਅਤੇ ਕੀ ਕੁਝ ਵਧੀਆ ਕੀਤਾ ਗਿਆ ਸੀ, ਦੋਵੇਂ ਹੀ – ਤਾਂ ਜੋ ਅਸੀਂ ਭਵਿੱਖ ਵਿੱਚ ਆਉਣ ਵਾਲੀ ਕਿਸੇ ਵੀ ਮਹਾਂਮਾਰੀ ਨਾਲ ਨਜਿੱਠਣ ਲਈ ਬਿਹਤਰ ਢੰਗ ਨਾਲ ਲੈਸ ਹੋ ਸਕੀਏ।

ਇਹ ਯੂਕੇ ਭਰ ਦੇ ਲੋਕਾਂ 'ਤੇ ਮਹਾਂਮਾਰੀ ਦੇ ਵਿਨਾਸ਼ਕਾਰੀ ਅਸਰ ਦਾ ਲੰਬੇ ਸਮੇਂ ਤਕ ਚੱਲਣ ਵਾਲਾ ਰਿਕਾਰਡ ਮੁਹੱਈਆ ਕਰਨ ਦਾ ਵੀ ਇੱਕ ਮੌਕਾ ਹੈ।

ਅਖੀਰ ਵਿੱਚ, ਇਨਕੁਆਇਰੀ ਟੀਮ ਅਤੇ ਮੈਂ ਉਹਨਾਂ ਲੋਕਾਂ ਨੂੰ ਸਭ ਤੋਂ ਵੱਧ ਆਦਰਯੋਗ ਅਤੇ ਢੁਕਵੇਂ ਤਰੀਕੇ ਨਾਲ ਯਾਦ ਕਰਨ ਲਈ ਇੱਕ ਰਾਹ ਲੱਭਣ ਦੀ ਕੋਸ਼ਿਸ਼ ਕਰਾਂਗੇ ਜਿਹਨਾਂ ਨੂੰ ਅਸੀਂ ਗੁਆ ਬੈਠੇ ਹਾਂ।

1 